ਜੇ ਤੁਹਾਡੇ ਲੜਕੇ ਜਾਂ ਲੜਕੀ ਦੀ ਸਪੈਸ਼ਲ ਏਜੁਕੇਸ਼ਨ ਨੀਡਜ਼ ਲਈ ਸਟੇਟਮੈਂਟ ਹੋਈ ਹੈ ਤਾਂ ਸਕੂਲ ਲਈ ਇਹ ਜ਼ਰੂਰੀ ਹੈ ਕਿ ਉਸ ਦੇ ਯੀਅਰ 9 ਵਿੱਚ ਉਸ ਦੀ ਸਲਾਨਾ ਰਿਵਿਊ ਕਰਨ ਸਮੇਂ ਉਸ ਲਈ 'ਤਬਦੀਲ ਕਰਨ ਵਾਲੀ ਪਲੈਨ' ਲਿੱਖਣ। ਸਕੂਲ ਲਈ ਇਹ ਵੀ ਕੰਮ ਕਰਨ ਲਈ ਚੰਗੀ ਪ੍ਰੈਕਟਿਸ ਹੁੰਦੀ ਹੈ ਜੇ ਉਹ ਸਕੂਲ ਐਕਸ਼ਨ ਪਲੱਸ ਦੇ ਨੌਜਵਾਨ ਬੱਚਿਆਂ ਲਈ ਵੀ 'ਤਬਦੀਲ ਕਰਨ ਵਾਲੀ ਪਲੈਨ' ਲਿੱਖਣ। ਇਸ ਬਾਰੇ ਸਾਡਾ ਸਕੂਲ ਐਕਸ਼ਨ ਅਤੇ ਸਕੂਲ ਐਕਸ਼ਨ ਪਲੱਸ ਵਾਲਾ ਲੀਫਲੇੱਟ ਦੇਖੋ।

ਤਬਦੀਲ ਕਰਨ ਵਾਲੀ ਪਲੈਨ ਨੌਜਵਾਨਾਂ ਨੂੰ ਸਕੂਲ ਤੋਂ ਬਾਲਗ਼ ਦੀ ਜ਼ਿੰਦਗੀ ਵਿੱਚ ਜਾਣ ਲਈ ਤਿਆਰ ਹੋਣ ਵਿੱਚ ਮਦਦ ਕਰਦੀ ਹੈ। ਇਹ ਇਸ ਗੱਲ ਦਾ ਯਕੀਨ ਕਰਦੀ ਹੈ ਕਿ ਹਰ ਕੋਈ ਤੁਹਾਡੇ ਲੜਕੇ ਜਾਂ ਲੜਕੀ ਲਈ ਮਿਲ ਕੇ ਕੰਮ ਕਰੇ ਤਾਂਕਿ ਜਿਉਂ ਉਹ ਨੌਜਵਾਨ ਬਾਲਗ਼ ਬਣਦੇ ਹਨ ਉਨ੍ਹਾਂ ਦੇ ਗੋਲ/ਨਿਸ਼ਾਨੇ ਹਾਸਲ ਕੀਤੇ ਜਾਣ।

ਇਹ ਪਲੈਨ ਉਸੇ ਸਮੇਂ ਲਿੱਖੀ ਜਾਂਦੀ ਹੈ ਜਦੋਂ ਤੁਹਾਡੇ ਬੱਚੇ ਦੀ ਸਟੇਟਮੈਂਟ ਦੀ ਸਲਾਨਾ ਰਿਵਿਊ ਹੁੰਦੀ ਹੈ।

ਇਸ ਪਲੈਨ ਦੀ ਅਤੇ ਸਟੇਟਮੈਂਟ ਦੀ ਹਰ ਸਾਲ ਰਿਵਿਊ ਕੀਤੀ ਜਾਂਦੀ ਹੈ ਤਾਂਕਿ ਜਦੋਂ ਤੁਹਾਡੇ ਲੜਕੇ ਜਾਂ ਲੜਕੀ ਦੇ ਸਕੂਲ ਛੱਡਣ ਦਾ ਸਮਾਂ ਨੇੜੇ ਆਉਂਦਾ ਹੈ ਤਾਂ ਉਸ ਦੀਆਂ ਤਬਦੀਲੀਆਂ ਨੂੰ ਧਿਆਨ ਵਿੱਚ ਰੱਖਿਆ ਜਾਵੇ।

ਤਬਦੀਲ ਕਰਨ ਵਾਲੀ ਪਲੈਨ ਵਾਲੀ ਮੀਟਿੰਗ ਤੁਹਾਡੇ ਲੜਕੇ ਜਾਂ ਲੜਕੀ ਨਾਲ ਹਰ ਇੱਕ ਕੰਮ ਕਰਨ ਵਾਲੇ ਲਈ ਹੇਠਾਂ ਲਿੱਖੀ ਜਾਣਕਾਰੀ ਲੈਣ ਵਿੱਚ ਮਦਦ ਕਰੇਗੀ:

- ਤੁਹਾਡੇ ਲੜਕੇ ਜਾਂ ਲੜਕੀ ਦੇ ਭਵਿੱਖ ਬਾਰੇ ਵਿਚਾਰ ਅਤੇ ਉਮੀਦਾਂ;
- ਤੁਹਾਡੇ ਲੜਕੇ ਜਾਂ ਲੜਕੀ ਦੇ ਭਵਿੱਖ ਬਾਰੇ ਤੁਹਾਡੇ ਵਿਚਾਰ;
- ਸਕੂਲ ਕਿਵੇਂ ਮਦਦ ਕਰ ਸਕਦਾ ਹੈ;
- ਇਸ ਵਿੱਚ ਸ਼ਾਮਲ ਹੋਈਆਂ ਵੱਖ ਵੱਖ ਏਜੰਸੀਆਂ ਕਿਵੇਂ ਆਪਸ ਵਿੱਚ ਮਿਲ ਕੇ ਕੰਮ ਕਰ ਸਕਦੀਆਂ ਹਨ ਅਤੇ ਤੁਹਾਡੇ ਲੜਕੇ ਜਾਂ ਲੜਕੀ ਨੂੰ ਉਨ੍ਹਾਂ ਦੇ ਮਕਸਦ ਹਾਸਲ ਕਰਨ ਵਿੱਚ ਸਪੋਰਟ/ਮਦਦ ਕਰ ਸਕਦੀਆਂ ਹਨ।

## ਇਸ ਤਬਦੀਲ ਕਰਨ ਵਾਲੀ ਪਲੈਨ ਦੀ ਮੀਟਿੰਗ ਵਿੱਚ ਕਿਸ ਨੂੰ ਬੁਲਾਇਆ ਜਾਵੇਗਾ?

**Who will be invited to the transition plan meeting?**

- ਤੁਹਾਨੂੰ
- ਤੁਹਾਡੇ ਲੜਕੇ ਜਾਂ ਲੜਕੀ ਨੂੰ
- ਤੁਹਾਡੇ ਲੜਕੇ ਜਾਂ ਲੜਕੀ ਦੇ ਸਕੂਲ ਤੋਂ ਸਟਾਫ਼
- ਲੋਕਲ ਅਥੋਰਿਟੀ ਤੋਂ ਕੋਈ ਬੰਦਾ
- ਕੋਨਿਕਸ਼ਨ ਸਰਵਿਸ ਵਲੋਂ ਨਿੱਜੀ ਸਲਾਹ ਦੇਣ ਵਾਲਾ ਇੱਕ ਐਡਵਾਈਜ਼ਰ

ਉਨ੍ਹਾਂ ਏਜੰਸੀਆਂ ਦੇ ਲੋਕਾਂ ਨੂੰ ਬੁਲਾਉਣਾ ਵੀ ਜ਼ਰੂਰੀ ਹੈ, ਜੋ ਕਿ ਸ਼ਾਇਦ ਤੁਹਾਡੇ ਬੱਚੇ ਦੀ ਸਕੂਲ ਤੋਂ ਬਾਅਦ ਦੀ ਜ਼ਿੰਦਗੀ ਵਿੱਚ ਬਹੁਤ ਵੱਡਾ ਰੋਲ ਅਦਾ ਕਰਦੇ ਹੋਣ। ਉਨ੍ਹਾਂ ਵਿੱਚ ਸ਼ਾਇਦ ਸ਼ਾਮਲ ਹੋਣ:

- ਸੋਸ਼ਲ ਸਰਵਿਸਜ਼ ਤੋਂ ਕੋਈ; ਜਾਂ
- ਕੋਈ ਹੈਲਥ (ਸਿਹਤ) ਵਲੋਂ ਮਿਸਾਲ ਦੇ ਤੌਰ ਤੇ ਸਪੀਚ ਐਂਡ ਲੈਂਗੁਏਜ਼ ਥੈਰੇਪਿਸਟ (ਗੱਲਬਾਤ ਵਿੱਚ ਮਦਦ ਕਰਨ ਵਾਲੇ) ਜੇ ਉਹ ਨਾਲ ਸ਼ਾਮਲ ਹੋਏ ਹੋਣ।

ਜੇ ਤੁਸੀਂ ਮੀਟਿੰਗ ਸਮੇਂ ਆਪਣੇ ਨਾਲ ਕਿਸੇ ਨੂੰ ਮਦਦ ਸਹਾਰੇ ਵਾਸਤੇ ਚਾਹੁੰਦੇ ਹੋ ਤਾਂ ਤੁਸੀਂ ਪੇਰੇਂਟ ਪਾਰਟਨਰਸ਼ਿੱਪ (ਮਾਪਿਆਂ ਨਾਲ ਸਾਂਝਦਾਰੀ) ਸਰਵਿਸ ਨਾਲ ਸੰਪਰਕ ਕਰ ਸਕਦੇ ਹੋ।

ਇਸ ਤੋਂ ਪਹਿਲਾਂ ਤੁਹਾਡੇ ਪਾਸੋਂ ਅਤੇ ਦੂਸਰੇ ਹੈਲਥ ਪ੍ਰੋਫੈਸ਼ਨਲਾਂ ਪਾਸੋਂ ਜੋ ਤੁਹਾਡੇ ਬੱਚੇ ਨਾਲ ਕੰਮ ਕਰਨ ਵਿੱਚ ਸ਼ਾਮਲ ਹੋਏ ਹੋਣ, ਤੁਹਾਡੇ ਬੱਚੇ ਦੀ ਤਰੱਕੀ ਬਾਰੇ ਮੁੱਖ ਅਧਿਆਪਕ ਲਿੱਖਤੀ ਰਿਪੋਰਟ ਮੰਗੇਗਾ। ਪੇਰੇਂਟ ਪਾਰਟਨਰਸ਼ਿੱਪ ਸਰਵਿਸ ਤੁਹਾਡੀ ਰਿਪੋਰਟ ਲਿੱਖਣ ਮਦਦ ਕਰ ਸਕਦੀ ਹੈ।

ਇਸ ਰਿਪੋਰਟ ਵਿੱਚ ਤੁਹਾਡੇ ਬੱਚੇ ਦੀ ਤਰੱਕੀ ਬਾਰੇ ਤੁਹਾਡੇ ਵਿਚਾਰ ਅਤੇ ਤੁਹਾਡੀਆਂ ਉਸ ਦੇ ਭਵਿੱਖ ਬਾਰੇ ਉਮੀਦਾਂ ਅਤੇ ਖਾਹਸ਼ਾਂ ਸ਼ਾਮਲ ਕਰਨ ਦੀ ਲੋੜ ਹੁੰਦੀ ਹੈ।

ਮੀਟਿੰਗ ਲਈ ਤਿਆਰ ਹੋਣ ਵਿੱਚ ਮਦਦ ਲਈ, ਜੋ ਸਵਾਲ ਸ਼ਾਇਦ ਪੁੱਛੇ ਜਾਣ ਉਨ੍ਹਾਂ ਬਾਰੇ ਤੁਸੀਂ ਆਪਣੇ ਲੜਕੇ ਜਾਂ ਲੜਕੀ ਨਾਲ ਗੱਲ ਕਰਨੀ ਚਾਹੋ।

ਇੱਥੇ ਕੁਝ ਮਿਸਾਲਾਂ ਦਿੱਤੀਆਂ ਗਈਆਂ ਹਨ:

- ਤੁਸੀਂ ਸਕੂਲ ਵਿੱਚ ਕਿੰਨੇ ਸਮੇਂ ਵਾਸਤੇ ਰਹਿਣਾ ਚਾਹੋਗੇ?
- ਸਕੂਲ ਛੱਡਣ ਤੋਂ ਬਾਅਦ ਤੁਸੀਂ ਕੀ ਕਰਨਾ ਚਾਹੋਗੇ?
- ਤੁਸੀਂ ਕੀ ਕਰਨ ਵਿੱਚ ਜ਼ਿਆਦਾ ਚੰਗੇ ਹੋ?
- ਤੁਸੀਂ ਕੀ ਕਰਨਾ ਜ਼ਿਆਦਾ ਪਸੰਦ ਕਰਦੇ ਹੋ?
- ਕਿਸ ਤਰ੍ਹਾਂ ਦੀਆਂ ਚੀਜ਼ਾਂ/ਕੰਮ ਕਰਨ ਵਿੱਚ ਤੁਹਾਨੂੰ ਮਦਦ ਦੀ ਲੋੜ ਪੈਂਦੀ ਹੈ?
- ਕੀ ਭਵਿੱਖ ਬਾਰੇ ਤੁਹਾਡੇ ਕੋਈ ਫ਼ਿਕਰ ਹਨ? ਜੇ ਹਨ ਤਾਂ ਉਹ ਕੀ ਹਨ?
- ਕੀ ਕੋਈ ਹੋਰ ਚੀਜ਼ ਵੀ ਹੈ ਜੋ ਤੁਸੀਂ ਸਾਨੂੰ ਦੱਸਣਾ ਜਾਂ ਪੁੱਛਣਾ ਚਾਹੁੰਦੇ ਹੋ?

ਇਸ ਮੀਟਿੰਗ ਵਿੱਚ ਵੱਖ ਵੱਖ ਮੁਮਕਿਨ ਚੀਜ਼ਾਂ (ਸੰਭਾਵਨਾਵਾਂ) ਬਾਰੇ ਗੱਲਬਾਤ ਕੀਤੀ ਜਾਵੇਗੀ। ਇਹ ਬਹੁਤ ਜ਼ਰੂਰੀ ਹੈ ਕਿ ਤੁਹਾਡਾ ਲੜਕਾ ਜਾਂ ਲੜਕੀ ਆਪਣੇ ਵਿਚਾਰ ਦੇਣ ਲਈ ਚੰਗਾ ਮਹਿਸੂਸ ਕਰੇ ਕਿ ਸਕੂਲ ਛੱਡਣ ਤੋਂ ਬਾਅਦ ਉਹ ਕੀ ਕਰਨਾ ਚਾਹੁੰਦੇ ਹਨ। ਕੁਝ ਨੌਜਵਾਨ ਬੱਚਿਆਂ ਨੂੰ ਸ਼ਾਇਦ ਇਸ ਵਿੱਚ ਮਦਦ ਦੀ ਲੋੜ ਹੋਵੇ ਮਿਸਾਲ ਦੇ ਤੌਰ ਤੇ ਟੀਚਿੰਗ ਅਸਿਸਟੈਂਟ, ਵਲੰਟਰੀ ਆਰਗਨਾਈਜ਼ੇਸ਼ਨ ਵਲੋਂ ਕੋਈ, ਇੰਡੀਪੇਨਡੈਂਟ ਐਡਵੋਕੇਟ (ਉਨ੍ਹਾਂ ਦੀ ਤਰਫ਼ੋਂ ਬੋਲਣ ਲਈ ਕਿਸੇ ਨਿਰਪੱਖ), ਯੂਥ ਵਰਕਰ ਜਾਂ ਕੋਨਿਕਸ਼ਨ ਐਡਵਾਈਜ਼ਰ।

ਮੀਟਿੰਗ ਤੋਂ ਤਕਰੀਬਨ ਦੋ ਹਫਤੇ ਪਹਿਲਾਂ ਸਕੂਲ ਸਲਾਨਾ ਰਿਵਿਊ ਰਿਪੋਰਟ ਜੋ ਇਕੱਠੀ ਕੀਤੀ ਹੁੰਦੀ ਹੈ, ਉਨ੍ਹਾਂ ਸਾਰਿਆਂ ਨੂੰ ਭੇਜਦਾ ਹੈ, ਜੋ ਇਸ ਮੀਟਿੰਗ ਵਿੱਚ ਬੁਲਾਏ ਗਏ ਹੋਣ।

ਸਲਾਨਾ ਮੀਟਿੰਗ ਆਮ ਤੌਰ ਤੇ ਸਕੂਲ ਵਿੱਚ ਹੁੰਦੀ ਹੈ।

ਇਸ ਤੋਂ ਬਾਅਦ ਸਕੂਲ ਮੀਟਿੰਗ ਬਾਰੇ ਰਿਪੋਰਟ ਲਿੱਖੇਗਾ ਅਤੇ ਕੋਨਿਕਸ਼ਨ ਸਰਵਿਸ ਦੀ ਮਦਦ ਨਾਲ ਤਬਦੀਲ ਕਰਨ ਵਾਲੀ ਪਲੈਨ ਲਿੱਖੇਗਾ।

ਸਲਾਨਾ ਰਿਵਿਊ ਰਿਪੋਰਟ ਅਤੇ ਤਬਦੀਲ ਕਰਨ ਵਾਲੀ ਪਲੈਨ ਦੋਨੋਂ ਹੀ ਤੁਹਾਨੂੰ, ਤੁਹਾਡੇ ਲੜਕੇ/ਲੜਕੀ ਨੂੰ, ਸਾਰੇ ਜੋ ਮੀਟਿੰਗ ਤੇ ਸਨ ਅਤੇ ਕੋਈ ਵੀ ਹੋਰ ਜਿਸ ਨੂੰ ਇਸ ਦੀ ਲੋੜ ਹੋਵੇ ਭੇਜੀਆਂ ਜਾਣਗੀਆਂ।

ਕੋਨਿਕਸ਼ਨ ਸਰਵਿਸ ਇਸ ਤਬਦੀਲ ਕਰਨ ਵਾਲੀ ਪਲੈਨ ਨੂੰ ਪੂਰਾ ਕਰਨ ਲਈ ਇਸ ਉੱਪਰ ਨਿਗਰਾਨੀ ਰੱਖਣ ਲਈ ਜ਼ੁਮੇਂਵਾਰ ਹੈ। ਕੋਨਿਕਸ਼ਨ ਦੇ ਨਿੱਜੀ ਸਲਾਹਕਾਰ ਨੂੰ ਸਕੂਲ ਤੋਂ ਬਾਅਦ ਏਜੁਕੇਸ਼ਨ ਜ਼ਾਰੀ ਰੱਖਣ ਜਾਂ ਕੰਮ/ਪੇਸ਼ੇ ਬਾਰੇ ਜਾਂ ਕਾਰ ਵਿਹਾਰ ਟ੍ਰੇਨਿੰਗ ਲਈ ਅਤੇ ਕੋਈ ਵੀ ਸਪੈਸ਼ਲਿਸਟ ਮਦਦ ਜਾਂ ਸਪੋਰਟ ਦੇਣ ਲਈ ਇਸ ਪਲੈਨ ਨੂੰ ਡਲਿਵਰ ਕਰਨ ਲਈ ਤਾਲਮੇਲ ਕਰਨਾ ਚਾਹੀਦਾ ਹੈ।

## ਮੈਂ ਹੋਰ ਜ਼ਿਆਦਾ ਕਿੱਥੋਂ ਪਤਾ ਕਰ ਸਕਦਾ/ਸਕਦੀ ਹਾਂਕਿ ਹੋਰ ਜ਼ਿਆਦਾ ਮੌਕੇ ਮਿਲਦੇ ਹਨ?

ਕੋਨਿਕਸ਼ਨ ਸਰਵਿਸ ਕਈ ਕਿਸਮ ਦੀਆਂ ਸੰਸਥਾਵਾਂ ਨਾਲ ਤਾਲਮੇਲ ਰੱਖਦੀ ਹੈ ਤਾਂਕਿ ਉਹ ਛੋਹਰ ਅਵਸਥਾ ਵਾਲੇ ਨੌਜਵਾਨਾਂ ਨੂੰ ਏਜੁਕੇਸ਼ਨ, ਟ੍ਰੇਨਿੰਗ ਅਤੇ ਪੇਸ਼ੇ ਬਾਰੇ ਜਾਣਕਾਰੀ, ਸਲਾਹ ਮਸ਼ਵਰਾ ਅਤੇ ਰਾਹਨੁਮਾਈ ਦੇ ਸਕਣ।

ਸਾਰੇ ਨੌਜਵਾਨ ਲੋਕ ਜਿਨ੍ਹਾਂ ਨੂੰ ਇਸ ਦੀ ਲੋੜ ਹੁੰਦੀ ਹੈ ਉਨ੍ਹਾਂ ਨੂੰ ਆਪਣਾ ਨਿੱਜੀ ਸਲਾਹਕਾਰ ਦਿੱਤਾ ਜਾਂਦਾ ਹੈ ਜੋ ਉਨ੍ਹਾਂ ਨਾਲ ਜਦੋਂ ਉਹ ਸਕੂਲ ਵਿੱਚ ਹੁੰਦੇ ਹਨ ਅਤੇ ਫਿਰ ਅਗਾਂਹ ਦੀ ਪੜ੍ਹਾਈ ਲਈ ਜਾਂ ਟ੍ਰੇਨਿੰਗ ਲਈ ਬਹੁਤ ਨੇੜ੍ਹੇ ਹੋਕੇ ਕੰਮ ਕਰਦਾ ਹੈ।

ਤੁਸੀਂ ਕੌਨਿਕਸ਼ਨ ਸਰਵਿਸ ਨਾਲ ਹੇਠ ਲਿੱਖੇ ਪਤੇ ਤੇ ਸੰਪਰਕ ਕਰ ਸਕਦੇ ਹੋ:

ਕੌਨਿਕਸ਼ਨਜ਼ ਸੈਂਟਰ

Connexions Centre
24-32 Carlton Street
Hockley
Nottingham NG1 1AA

ਟੈਲੀਫੋਨ: 0115 948 4484

## ਹੋਰ ਫਾਇਦੇਮੰਦ ਸੰਪਰਕ ਹਨ:

ਯੂਥ ਆਫਿਸਜ਼ (ਨੌਜਵਾਨਾਂ ਦੀ ਮਦਦ ਲਈ ਦਫ਼ਤਰ)

ਨੌਟਿੰਘਮ 0115 915 7221

ਨੌਟਿੰਘਮਸ਼ਾਇਰ 01623 626949 / 01623 867052

ਡਿਸਏਬਿਲਟੀਜ਼ ਸਪੋਰਟ ਟੀਮ 01623 626972

ਵਲੰਟਰੀ ਆਰਗਨਾਈਜ਼ੇਸ਼ਨਾਂ, ਇੰਡੀਪੈਨਡੇਂਟ ਪੇਰੇਂਟਲ ਸਪੋਰਟਰ ਅਤੇ ਐਡਵੋਕੇਸੀ ਗਰੁੱਪਾਂ ਬਾਰੇ ਹੋਰ ਜਾਣਕਾਰੀ ਲੈਣ ਲਈ ਇਸ ਨੰਬਰ ਤੇ ਸੰਪਰਕ ਕਰੋ:

**ਪੇਰੇਂਟ ਪਾਰਟਨਰਸ਼ਿੱਪ ਸਰਵਿਸ 0115 948 2888**

ਬੈਨੀਫਿੱਟਾਂ ਬਾਰੇ ਹੋਰ ਜਾਣਕਾਰੀ:

**ਵੇਲਫੇਅਰ ਰਾਈਟਸ ਸਰਵਿਸ**

ਕਾਉਂਟੀ 0115 977 4018

ਸਿਟੀ 0115 915 9005

ਅਖ਼ੀਰ ਵਿੱਚ.....

ਯੀਅਰ 9 ਦੀ ਸਲਾਨਾ ਰਿਵਿਊ ਅਤੇ ਤਬਦੀਲ ਕਰਨ ਵਾਲੀ ਟਰਾਂਜ਼ੀਸ਼ਨ ਪਲੈਨ ਇਸ ਵਿਧੀ ਦੀ ਸ਼ੁਰੂਆਤ ਹੈ ਜੋਕਿ ਕਈ ਸਾਲਾਂ ਵਾਸਤੇ ਚਲਦੀ ਰਹਿੰਦੀ ਹੈ। ਤੁਸੀਂ ਦੇਖੋਗੇ ਕਿ ਤੁਹਾਡੇ ਅਤੇ ਨੌਜਵਾਨ ਬੱਚੇ ਦੇ ਖਿਆਲ ਸਮਾਂ ਪਾਕੇ ਬਦਲਦੇ ਰਹਿੰਦੇ ਹਨ ਅਤੇ ਤੁਹਾਨੂੰ ਹੋਰ ਜਾਣਕਾਰੀ ਦੀ ਲੋੜ ਹੁੰਦੀ ਹੈ। ਤੁਹਾਡੇ ਬੱਚੇ ਦਾ ਸਕੂਲ ਅਤੇ ਕੌਨਿਕਸ਼ਨਜ਼ ਸਰਵਿਸ ਤੋਂ ਉਸ ਦਾ ਨਿੱਜੀ ਸਲਾਹਕਾਰ ਤੁਹਾਨੂੰ ਸਪੋਰਟ ਅਤੇ ਸਲਾਹ ਦੇ ਸਕੇਗਾ।

ਅਸੀਂ ਵਲੰਟਰੀ ਸੈਕਟਰ ਤੇ ਆਧਾਰਿਤ ਹਾਂ ਅਤੇ ਫੈਮਿਲੀ ਵੇਲਫੈਅਰ (ਪਰਿਵਾਰ ਦੀ ਭਲਾਈ) ਏਸੋਸੀਏਸ਼ਨ ਦੀ ਹਿਮਾਇਤ ਮਿਲਦੀ ਹੈ ਅਤੇ ਨੌਟਿੰਘਮ ਸਿਟੀ ਕਾਉਂਸਲ ਅਤੇ ਨੌਟਿੰਘਮਕਾਉਂਟੀ ਕਾਉਂਸਲ ਵਲੋਂ ਫੰਡ ਮਿਲਦਾ ਹੈ।


ਪੇਰੇਂਟ ਪਾਰਟਨਰਸ਼ਿੱਪ ਸਰਵਿਸ (ਮਾਪਿਆਂ ਨਾਲ ਸਾਂਝਦਾਰੀ)
ਸੁਈਟ 5 ਕਲੇਰੇਨਡਨ ਚੈਂਮਬਰਸ
Parent Partnership Service
Suite 5 Clarendon Chambers
32 Clarendon Street
Nottingham NG1 5LN

ਫੋਨ, ਫੈਕਸ ਜਾਂ ਮਿਨੀਕਮ: 0115 948 2888
ਇਹ ਨੰਬਰ ਸਿਟੀ ਅਤੇ ਕਾਉਂਟੀ ਦੇ ਮਾਪਿਆਂ ਲਈ ਹੈ।
ਈਮੇਲ: enquiries@ppsnotts.org.uk
ਵੇੱਬਸਾਈਟ: www.ppsnotts.org.uk


Panjabi

## ਸਪੈਸ਼ਲ ਏਜੁ਼ਕੇਸ਼ਨ ਨੀਡਜ਼ ਅਤੇ ਡਿਸਏਬਿਲਟੀਜ਼ ਵਾਲੇ ਬੱਚਿਆਂ ਦੇ ਮਾਪਿਆਂ ਅਤੇ ਕੇਅਰਰਾਂ ਲਈ ਜਾਣਕਾਰੀ

# ਸਕੂਲ ਤੋਂ ਬਾਅਦ ਤਬਦੀਲ ਕਰਨ ਲਈ ਯੋਜਨਾਵਾਂ ਬਣਾਉਣੀਆਂ (ਟਰਾਂਜੀਸ਼ਨ ਪਲੈਨਸ)

# Transition Plans

**ਕੀ ਤੁਹਾਡਾ ਲੜਕਾ ਜਾਂ ਲੜਕੀ ਸਕੂਲ ਵਿੱਚ ਯੀਅਰ 9 ਤੱਕ ਪਹੁੰਚ ਰਿਹਾ ਹੈ?**

ਇਹ ਪਰਚਾ ਹੇਠਾਂ ਲਿੱਖੀਆਂ ਗੱਲਾਂ ਬਾਰੇ ਜਾਣਕਾਰੀ ਦਿੰਦਾ ਹੈ:

- ਯੀਅਰ 9 ਵਿੱਚ ਸਟੇਟਮੈਂਟ ਬਾਰੇ ਸਲਾਨਾ ਰਿਵਿਉ ਕਰਨੀ
- ਨੌਜਵਾਨ ਲੋਕਾਂ ਲਈ ਸਕੂਲ ਤੋਂ ਬਾਅਦ ਜ਼ਿੰਦਗੀ ਲਈ ਤਬਦੀਲ ਕਰਨ ਬਾਰੇ ਪਲੈਨ ਬਣਾਉਣੀ